# ਸਾਈਕੌਸਿਸ ਰੋਗ ਕੀ ਹੈ?
# I. What is Psychosis?

ਸਾਈਕੌਸਿਸ ਸ਼ਬਦ ਮਨ ਦੀ ਉਸ ਅਵਸਥਾ ਨੂੰ ਬਿਆਨ ਕਰਨ ਵਿਚ ਵਰਤਿਆ ਗਿਆ ਹੈ " ਜਿਸ ਵਿਚ ਵਿਅਕਤੀ ਦਾ ਅਸਲੀਅਤ ਨਾਲੋਂ ਨਾਤਾ ਕੁੱਝ ਕੁ ਟੁੱਟ ਜਾਂਦਾ ਹੈ "। ਜਦੋਂ ਕੋਈ ਇਸ ਤਰ੍ਹਾਂ ਦੇ ਰੋਗ ਨਾਲ ਬਿਮਾਰ ਹੁੰਦਾ ਹੈ ਤਾਂ ਇਸ ਨੂੰ ਸਾਈਕੌਸਿਸ ਦਾ ਦੌਰਾ ਕਹਿੰਦੇ ਹਨ। ਸਾਈਕੌਸਿਸ ਦਾ ਪਹਿਲਾ ਦੌਰਾ ਆਮ ਕਰਕੇ ਉਸ ਨੂੰ ਆਖਦੇ ਹਨ ਜਦੋਂ ਕੋਈ ਪਹਿਲੀ ਵਾਰੀ ਸਾਈਕੋਟਿਕ ਲੱਛਣਾਂ (ਸਾਈਕੌਸਿਸ ਦੀ ਬਿਮਾਰੀ ਦੇ ਲੱਛਣ ਜਾਂ ਚਿੰਨ੍ਹ) ਨੂੰ ਅਨੁਭਵ ਕਰਦਾ ਹੈ।

ਸਾਈਕੌਸਿਸ ਮਨੁੱਖ ਦੀਆਂ ਸੋਚਾਂ, ਭਾਵਨਾਵਾਂ ਅਤੇ ਵਿਵਹਾਰ ਤੇ ਅਸਰ ਕਰਦਾ ਹੈ। ਜਿਸ ਤਰੀਕੇ ਨਾਲ ਇਹ ਸਾਕਾਰ ਹੁੰਦਾ ਹੈ ਉਹ ਬੜਾ ਵਿਭਿੰਨ ਹੈ, ਮਤਲਦ ਕਿ ਦੋ ਰੋਗੀਆਂ ਵਿਚ ਬਹੁਤ ਵੱਖਰੇ ਵੱਖਰੇ ਲੱਛਣ ਹੋ ਸਕਦੇ ਹਨ। ਇਹ ਆਮ ਇਨਸਾਨੀ ਅਨੁਭਵ, ਅਤੇ ਖਾਸ ਮਾਨਸਿਕ ਅਤੇ ਸਰੀਰਕ ਬਿਮਾਰੀਆਂ ਦਾ ਇਕ ਹਿੱਸਾ ਹੈ।

ਸਾਈਕੌਸਿਸ ਦਾ ਰੋਗ ਕਿਸ ਨੂੰ ਲਗਦਾ ਹੈ:

- ਸਾਈਕੌਸਿਸ ਕਿਸੇ ਨੂੰ ਵੀ ਹੋ ਸਕਦਾ ਹੈ।
- 100 ਵਿਚੋਂ 3 ਵਿਅਕਤੀਆਂ ਨੂੰ ਜ਼ਿੰਦਗੀ ਵਿਚ ਇਹ ਰੋਗ ਲੱਗਣ ਦੇ ਚਾਂਸ ਹੁੰਦੇ ਹਨ।
- 100 ਲੋਕਾਂ ਵਿਚੋਂ ਇਕ ਨੂੰ ਸਕਿਜ਼ੋਫਰੀਨੀਆਂ ਦੀ ਬਿਮਾਰੀ ਲੱਗਦੀ ਲੱਗਦੀ ਹੈ
- ਸਾਈਕੌਸਿਸ ਦਾ ਰੋਗ ਔਰਤਾਂ ਅਤੇ ਮਰਦਾਂ ਨੂੰ ਇਕੋ ਜਿੰਨਾਂ ਲਗਦਾ ਹੈ।
- ਸਾਈਕੌਸਿਸ ਦਾ ਪਹਿਲਾ ਦੌਰਾ ਆਮ ਕਰਕੇ ਨੌਜਵਾਨਾਂ ਨੂੰ ਵੀਹਵੇਂ ਸਾਲ ਤੋ ਕੁੱਝ ਪਹਿਲੇ ਸਾਲਾਂ ਜਾਂ ਕੁੱਝ ਬਾਅਦ ਦੇ ਸਾਲਾਂ ਵਿਚ ਆਉਂਦਾ ਹੈ।
- ਸਾਈਕੌਸਿਸ ਦਾ ਰੋਗ ਹਰ ਸਭਿਆਚਾਰ (ਕਲਚਰ) ਅਤੇ ਹਰ ਆਰਥਿਕ ਵਰਗ ਵਿਚ ਪਾਇਆ ਜਾਂਦਾ ਹੈ।

## II. ਸਾਈਕੋਸਿਸ ਦਾ ਇਕ ਦੌਰਾ ਇਹਨਾਂ ਚਾਰ ਪੜਾਵਾਂ ਵਿਚ ਵਾਪਰਦਾ ਹੈ:
**A PSYCHOTIC EPISODE OCCURS IN FOUR PHASES:**

### ਪਹਿਲਾ ਪੜਾਅ (1) Phase 1– Premorbid

ਇਹ ਬਿਮਾਰੀ ਦੇ ਪਹਿਲੇ ਚਿੰਨ੍ਹ ਨਜ਼ਰ ਆਉਣ ਤੋਂ ਪਹਿਲਾਂ ਵਾਲਾ ਪੜਾਅ ਹੈ।

### ਦੂਜਾ ਪੜਾਅ (2.) ਪੂਰਵ-ਲੱਛਣ Phase 2: Prodrome

ਪਹਿਲੇ ਚਿੰਨ੍ਹ ਧੁੰਦਲੇ (ਅਨਿਸ਼ਚਿਤ) ਅਤੇ ਬਹੁਤ ਮੁਸ਼ਕਿਲ ਨਾਲ ਨਜ਼ਰ ਆਉਂਦੇ ਹਨ। ਜਿਸ ਤਰੀਕੇ ਦੇ ਨਾਲ ਲੋਕ ਆਪਣੀਆਂ ਭਾਵਨਾਵਾਂ, ਸੋਚਾਂ ਅਤੇ ਅਨੁਭਵ ਦੱਸਦੇ ਹਨ ਉਸ ਵਿਚ ਵੀ ਤਬਦੀਲੀ ਹੋ ਸਕਦੀ ਹੈ। ਪੂਰਵ-ਲੱਛਣਾਂ ਵਾਲੇ ਪੜਾਅ ਵਿਚ ਇਹ ਕੁੱਝ ਹੋ ਸਕਦਾ ਹੈ:

- ਧਿਆਨ ਘੱਟ ਲੱਗਣਾ
- ਕੁੱਝ ਕਰਨ ਨੂੰ ਜੀ ਨਾ ਕਰਨਾ
- ਉਦਾਸ ਮਨ
- ਨੀਂਦ ਵਿਚ ਖਰਾਬੀ
- ਚਿੰਤਾ
- ਹੋਰਾਂ ਨਾਲ ਮਿਲਣ-ਗਿਲਣ ਘਟਾ ਦੇਣਾ
- ਸ਼ੱਕੀਪੁਣਾ
- ਆਪਣੇ ਰੋਜ਼ਮਰ੍ਹਾ ਦੇ ਕੰਮ ਨਾ ਕਰ ਸਕਣਾ
- ਖਿਝ ਆਉਣੀ

### ਤੀਜਾ ਪੜਾਅ (3) ਗੰਭੀਰ ਹਾਲਤ Phase 3: Acute

ਇਸ ਵਿਚ ਸਾਈਕੋਸਿਸ ਦੇ ਲੱਛਣ ਸਪਸ਼ਟ ਤੌਰ ਤੇ ਅਨੁਭਵ ਹੁੰਦੇ ਹਨ ਜਿਵੇਂ ਕਿ ਆਵਾਜ਼ਾਂ ਸੁਣਨੀਆਂ, ਚੀਜ਼ਾਂ ਵਿਖਾਈ ਦੇਣੀਆਂ ਜਿਹੜੀਆਂ ਕਿ ਅਸਲੀਅਤ ਵਿਚ ਉੱਥੇ ਨਹੀਂ ਹੁੰਦੀਆਂ ਅਤੇ ਵਹਿਮ (ਭਰਮ) ਹੋਣਾ।

### ਠੀਕ ਹੋਣਾ Phase 4: Residual or Recovery

ਸਾਈਕੋਸਿਸ ਦਾ ਇਲਾਜ ਹੈ ਤੇ ਬਹੁਤੇ ਲੋਕ ਇਸ ਬਿਮਾਰੀ ਤੋਂ ਠੀਕ ਹੋ ਜਾਂਦੇ ਹਨ, ਕੁੱਝ ਪੂਰੇ ਅਤੇ ਕੁੱਝ ਅੱਧ-ਪਚੱਧੇ ।

ਜੋ ਲੋਕ ਸਾਈਕੋਸਿਸ ਦੀ ਬਿਮਾਰੀ ਦੇ ਨਿਰੀਖਣ ਕਰਨ ਵਿਚ ਮਾਹਿਰ ਨਹੀਂ ਹੁੰਦੇ ਉਹਨਾਂ ਨੂੰ ਇਹਨਾਂ ਚਾਰ ਪੜਾਵਾਂ ਵਿਚ ਫਰਕ ਕਰਨਾ ਮੁਸ਼ਕਿਲ ਹੁੰਦਾ ਹੈ ਅਤੇ ਹੋ ਸਕਦਾ ਹੈ ਕਿ ਸਾਈਕੋਸਿਸ ਦੇ ਲੱਛਣ ਕੁੱਝ ਹਦ ਤਕ ਇਹਨਾਂ ਸਾਰੇ ਚਾਰਾਂ ਪੜਾਵਾਂ ਵਿਚ ਮਿਲਦੇ ਹੋਣ।

ਸਕਿਜ਼ੋਫਰੀਨੀਆ ਦਾ ਰੋਗ ਜੱਦੀ-ਪੁਸ਼ਤੀ ਰਿਸ਼ਤੇ ਮੁਤਾਬਕ ਇਸ ਦਰ ਨਾਲ ਅੱਗੇ ਚਲਦਾ ਹੈ: Rates of definite schizophrenia in family members where relatives have schizophrenia:

| | |
|---|---|
| Both parents: ਦੋਵੇਂ ਮਾਪੇ: | 37 % |
| One parent:ਇਕ ਮਾਪਾ: | 9% |
| Grandparent:<br>ਦਾਦਾ ਜਾਂ ਦਾਦੀ, ਨਾਨਾ ਜਾਂ ਨਾਨੀ: | 3% |
| Sibling:ਭਰਾ ਜਾਂ ਭੈਣ: | 7% |
| First cousin:<br>ਤਾਏ, ਚਾਚੇ, ਭੂਆ, ਮਾਮੇ ਜਾਂ ਮਾਸੀ ਦਾ ਪੁੱਤ ਜਾਂ ਧੀ: | 2% |
| Spouse: ਪਤੀ ਜਾਂ ਪਤਨੀ: | 1% |

## V. ਪੂਰਵ-ਸੂਚਕ ਚਿੰਨ੍ਹ WARNING SIGNS

ਹੋ ਸਕਦਾ ਹੈ ਕਿ ਹੇਠ ਦਿੱਤੇ ਲੱਛਣਾਂ ਤੋ ਸੰਕੇਤ ਮਿਲੇ ਕਿ ਵਿਅਕਤੀ ਨੂੰ ਸਾਈਕੌਸਿਸ ਦੀ ਬਿਮਾਰੀ ਹੋ ਰਹੀ ਹੈ ਜਾਂ ਵਿਅਕਤੀ ਪੂਰਵ-ਲੱਛਣਾਂ ਵਾਲੇ ਪੜਾਅ ਵਿੱਚੋਂ ਲੰਘ ਰਹਿਆ ਹੈ। ਅਕਸਰ ਲੋਕ ਗੰਭੀਰ ਹਾਲਤ ਵਾਲੇ ਪੜਾਅ ਤੋਂ ਪਹਿਲਾਂ ਅਸਾਧਾਰਣ ਵਿਵਹਾਰ ਦਾ ਵਿਖਾਲਾ ਕਰਦੇ ਹਨ। ਜਦ ਕੋਈ ਸਾਈਕੌਸਿਸ ਦੇ ਦੌਰੇ ਤੋ ਠੀਕ ਹੋ ਜਾਵੇ ਤਾਂ ਉਸ ਨੂੰ ਇਹਨਾ ਲੱਛਣਾਂ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ ਅਤੇ ਉਸਦੀ ਮਦਦ ਕਰਨੀ ਚਾਹੀਦੀ ਕਿ ਆਪਣੀ ਬਿਮਾਰੀ ਵਾਲੇ ਨਿੱਜੀ ਪੂਰਵ-ਸੂਚਕ ਲੱਛਣਾਂ ਨੂੰ ਪਛਾਣ ਸਕੇ ਤਾਕਿ ਵਕਤ ਸਿਰ ਇਲਾਜ ਕਰਵਾ ਕੇ ਬਿਮਾਰ ਹੋਣ ਤੇ ਹਸਪਤਾਲ ਦਾਖਿਲ ਹੋਣ ਤੋਂ ਬਚਿਆ ਜਾ ਸਕੇ। ਇਹ ਸਹਾਈ ਹੋਵੇਗਾ ਜੇਕਰ ਪਰਿਵਾਰ ਦੇ ਮੈਂਬਰ ਅਤੇ ਮਿੱਤਰ ਵੀ ਇਹਨਾਂ ਲੱਛਣਾਂ ਤੋ ਜਾਣੂੰ ਹੋਣ, ਜਿਵੇਂ ਕਿ ਕਈ ਵਾਰੀ ਸਾਈਕੌਸਿਸ ਦੀ ਬਿਮਾਰੀ ਵਾਲੇ ਤੋਂ ਪਹਿਲਾਂ ਦੂਸਰੇ ਇਹ ਪੂਰਵ-ਸੂਚਕ ਲੱਛਣਾਂ ਨੂੰ ਦੇਖ ਲੈਂਦੇ ਹਨ।

### ਵਿਵਹਾਰਿਕ Behavioural

- ਅਜੀਬ ਅੰਦਾਜ਼ ਵਿਚ ਉੱਠਣਾ-ਬੈਠਣਾ ਜਾਂ ਖਲੋਣਾ
- ਅਜੀਬ, ਅਨੋਖਾ ਜਾਂ ਬੇਤੁਕਾ ਵਿਵਹਾਰ
- ਆਮ ਨਾਲੋ ਘੱਟ ਸੌਣ ਦੇ ਬਾਵਜੂਦ ਤਾਜ਼ਾ ਮਹਿਸੂਸ ਕਰਨਾ
- ਬਿਨਾਂ ਮਤਲਬ ਬਹੁਤ ਲਿਖੀ ਜਾਣਾ
- ਆਪਣੇ ਆਪ ਨੂੰ ਕੱਟਣਾ-ਵੱਢਣਾ ਜਾਂ ਅਜੇਹਾ ਕਰਨ ਦੀਆਂ ਧਮਕਿਆਂ ਦੇਣੀਆਂ
- ਉਕਸਾਹਟ ਹੋਣੀ, ਘਬਰਾਹਟ ਹੋਣੀ
- ਨੀਂਦ ਬਹੁਤ ਖਰਾਬ ਹੋ ਜਾਣੀ
- ਸ਼ਰਾਬ ਅਤੇ ਹੋਰ ਨਸ਼ੇ ਕਰਨੇ

### ਸੋਚ ਅਤੇ ਗੱਲਬਾਤ Thinking and Speech

- ਇਵੇਂ ਲਗੱਣਾ ਜਿਵੇਂ ਉਹਨਾਂ ਦੁਆਲੇ ਚੀਜ਼ਾਂ ਕੁੱਝ ਬਦਲ ਜਹੀਆਂ ਗਈਆਂ ਹਨ
- ਤੇਜ਼ ਗੱਲਬਾਤ ਜੋ ਸਮਝਣੀ ਮੁਸ਼ਕਿਲ ਹੋਵੇ
- ਤਰਕਹੀਣ ਗੱਲਾਂ ਕਰਨੀਆਂ
- ਬਹੁਤ ਅਤਿ ਦਾ ਧਾਰਮਿਕ ਹੋਣਾ ਜਾਂ ਸਾਧਾਂ ਮਗਰ ਫਿਰਨਾ
- ਅਨੋਖੀ ਸ਼ਬਦਾਵਲੀ ਜਾਂ ਅਨੋਖੀ ਭਾਸ਼ਾ-ਬਣਤਰ ਵਰਤਣੀ
- ਸ਼ੋਰ, ਰੋਸ਼ਨੀ ਜਾਂ ਰੰਗਾਂ ਤੋ ਅਸਾਧਾਰਣ ਸੰਵੇਦਨਾਸ਼ੀਲ ਹੋਣਾ
- ਯਾਦਾਸ਼ਤ ਵਿਚ ਮੁਸ਼ਕਿਲਾਂ
- ਬਿਰਤੀ ਬਹੁਤ ਟੁੱਟਣੀ

## ਸਮਾਜੀ ਮੇਲ-ਜੋਲ Social

- ਦੂਸਰਿਆ ਦੇ ਹੱਥ ਲਾਉਣ ਨਾਲ ਖਿਝੱਣਾ
- ਕਿਸੇ ਨੂੰ ਹੱਥ ਲਾਉਣ ਤੋਂ ਇਨਕਾਰ ਕਰਨਾ, ਦਸਤਾਨੇ ਪਾ ਰੱਖਣੇ
- ਸੰਬੰਧਾਂ ਵਿਚ ਗਿਰਾਵਟ ਆਉਣੀ
- ਰੋਜ਼ਮੱਰ੍ਹਾ ਦੇ ਰੁਝੇਵਿਆਂ ਵਿਚ ਹਿੱਸਾ ਨਾ ਲੈਣਾ
- ਹੋਰਾਂ ਨਾਲ ਮਿਲਣ-ਗਿਲਣ ਘਟਾ ਦੇਣਾ, ਇਕੱਲਿਆਂ ਰਹਿਣਾ
- ਬੇਮਤਲਬ ਗੁੱਸਾ
- ਸ਼ੱਕੀਪੁਣਾ

## ਭਾਵਨਾਤਮਿਕ Emotional

- ਬੇਮੌਕਾ ਹਾਸਾ
- ਰੋ ਨਾ ਸਕਣਾ ਜਾਂ ਬਹੁਤ ਜ਼ਿਆਦਾ ਰੋਣਾ
- ਉਦਾਸੀ ਅਤੇ ਚਿੰਤਾ ਦੀਆਂ ਭਾਵਨਾਵਾ
- ਖੁਸ਼ੀ ਨਾ ਜ਼ਾਹਰ ਕਰ ਸਕਣਾ
- ਹਰ ਵੇਲੇ ਚੜ੍ਹਤ ਵਾਲਾ ਮੂਡ (ਰਉਂ )

## ਸ਼ਖਸੀਅਤ Personality

- ਬੇਪਰਵਾਹ ਅਤੇ ਅਸਾਵਧਾਨੀ ਵਾਲਾ ਵਿਵਹਾਰ
- ਕੁੱਝ ਕਰਨ ਜਾਂ ਬੋਲਣ ਵਿਚ ਕਾਫੀ ਘਾਟ ਆ ਜਾਣੀ
- ਸੁਭਾਅ ਬਹੁਤ ਹੀ ਬਦਲ ਜਾਣਾ

## VI. POSITIVE AND NEGATIVE PSYCHOTIC SYMPTOMS

ਸਾਈਕੋਸਿਸ ਦੇ ਰੋਗ ਨਾਲ ਮੂਡ (ਮਨੋ ਦਸ਼ਾ) ਅਤੇ ਸੋਚ ਵਿਚ ਤਬਦੀਲੀ ਅਤੇ ਵਿਚਾਰਾਂ ਵਿਚ ਵਿਗਾੜ ਆ ਸਕਦਾ ਹੈ। ਸਾਈਕੋਸਿਸ ਦੇ ਲੱਛਣਾਂ ਨੂੰ ਦੋ ਵਰਗਾਂ, ਪੌਜ਼ਿਟਿਵ ਅਤੇ ਨੈਗੇਟਿਵ ਵਿਚ ਨਿਖੇੜਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਪੌਜ਼ਿਟਿਵ ਜਾਂ ਹਾਂ-ਵਾਚਕ ਦਾ ਭਾਵ 'ਵਧੀਆ' ਨਹੀਂ, ਬਲਕਿ ਇਹ ਉਨ੍ਹਾਂ ਲੱਛਣਾਂ ਦੀ ਹੋਂਦ ਦੇ ਸੰਕੇਤਕ ਹਨ, ਜਿਹੜੇ ਕਿ ਆਮ ਕਰਕੇ ਨਹੀਂ ਹੋਣੇ ਚਾਹੀਦੇ ਅਤੇ ਨਾਂਹ-ਵਾਚਕ ਲੱਛਣਾਂ ਦਾ ਇਹ ਮਤਲਬ ਨਹੀਂ ਕਿ ਅਸੀਂ ਵਿਅਕਤੀ ਦੇ ਰਵਈਏ ਬਾਰੇ ਕਹਿ ਰਹੇ ਹਾਂ, ਸਗੋਂ ਉਹਨਾਂ ਗੁਣਾਂ ਦੀ ਕਮੀ ਆ ਜਾਣੀ ਜਿਹੜੇ ਵਿਅਕਤੀ ਵਿਚ ਮੌਜੂਦ ਹੋਣੇ ਚਾਹੀਦੇ ਹਨ।

### ਬੀਮਾਰੀ ਕਰਕੇ ਆ ਰਲੇ (ਪੌਜ਼ਿਟਵ ਜਾਂ ਹਾਂ-ਵਾਚਕ ਵਾਲੇ ) ਲੱਛਣ Positive Symptoms

**ਉਲਝੀ ਹੋਈ ਸੋਚ Confused Thinking:** ਸੋਚਾਂ ਉਲਝ ਜਾਂਦੀਆਂ ਹਨ, ਸੋਚਾਂ ਜਾਂ ਤਾਂ ਬਹੁਤ ਤੇਜ਼ੀ ਨਾਲ ਜਾਂ ਹੌਲੀ ਹੌਲੀ ਆਉਣੀਆਂ। ਵਿਅਕਤੀ ਨੂੰ ਮਨ ਇਕਾਗਰ ਕਰਨ ਵਿਚ, ਹਿਦਾਇਤਾਂ ਸਮਝਣ ਵਿਚ, ਗੱਲਬਾਤ ਜਾਰੀ ਰੱਖਣ ਜਾਂ ਚੀਜ਼ਾਂ ਨੂੰ ਯਾਦ ਰੱਖਣ ਵਿਚ ਮੁਸ਼ਕਿਲ ਆ ਸਕਦੀ ਹੈ।

**ਭਾਵਨਾਵਾਂ ਬਦਲ ਜਾਣੀਆਂ Changed Feelings:** ਉਹ ਓਪਰੇ ਓਪਰੇ (ਬੇਗਾਨਾ) ਅਤੇ ਦੁਨੀਆਂ ਨਾਲੋਂ ਟੁੱਟੇ (ਅਲੱਗ) ਹੋਏ ਮਹਿਸੂਸ ਕਰ ਸਕਦੇ ਹਨ। ਉਹਨਾਂ ਦੇ ਮਨ ਦੀ ਦਸ਼ਾ ਬਦਲਦੀ ਰਹਿ ਸਕਦੀ ਹੈ ਇਸ ਲਈ ਉਹ ਕਦੀ ਬਹੁਤ ਜੋਸ਼ (ਉਤੇਜਿਤ) ਜਾਂ ਉਦਾਸੀ ਮਹਿਸੂਸ ਕਰ ਸਕਦੇ ਹਨ। ਉਹਨਾਂ ਦੀਆਂ ਭਾਵਨਾਵਾਂ ਅਕਸਰ ਨੀਮ ਲੱਗਦੀਆਂ ਹਨ, ਦੂਸਰਿਆਂ ਵਾਸਤੇ ਇਹ ਦੱਸਣਾ ਔਖਾ ਹੁੰਦਾ ਹੈ ਕਿ ਇਹ ਅੱਗੇ ਨਾਲੋਂ ਭਾਵਨਾਵਾਂ ਘੱਟ ਮਹਿਸੂਸ ਕਰ ਰਹੇ ਹਨ, ਜਾਂ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਘੱਟ ਭਾਵਨਾਵਾਂ ਜ਼ਾਹਿਰ ਕਰ ਰਹੇ ਹਨ।

**ਵਹਿਮ ਹੋਣਾ ( ਭਰਮ ਹੋਣਾ) Delusions:** ਵਹਿਮ ਉਨ੍ਹਾਂ ਝੂਠੇ ਵਿਸ਼ਵਾਸ ਨੂੰ ਕਹਿੰਦੇ ਹਨ ਜੋ ਮਨੁੱਖ ਪੱਕੀ ਤਰ੍ਹਾਂ ਸੱਚ ਬਣਾਈ ਰੱਖਦਾ ਹੈ। ਇਹ ਵਹਿਮ ਮਜ਼ਬੂਤ ਵਿਸ਼ਵਾਸਾਂ ਨਾਲੋਂ ਇਸ ਤਰ੍ਹਾਂ ਨਿਖੇੜੇ ਜਾਂਦੇ ਹਨ ਕਿ ਸਾਰੀਆਂ ਗਵਾਹੀਆਂ ਅਤੇ ਦਲੀਲਾਂ ਦੇ ਉਲਟ ਹੋਣ ਦੇ ਬਾਵਜੂਦ ਉਹ ਆਪਣਾ ਵਿਸ਼ਵਾਸ ਨਹੀਂ ਬਦਲਦੇ। ਇਹ ਰੋਗ ਭਰਮ ਰੋਗ ਕਰਕੇ ਵੀ ਜਾਣਿਆ ਜਾਂਦਾ ਹੈ। ਵਿਅਕਤੀ ਭਰਮ ਵਿਚ ਏਨਾ ਚਲਾ ਜਾਂਦਾ ਹੈ ਕਿ ਕਿਸੇ ਕਿਸਮ ਦੀ ਦਲੀਲ ਨਾਲ ਉਸ ਦਾ ਮਨ ਨਹੀਂ ਬਦਲਿਆ ਜਾ ਸਕਦਾ। ਇਹ ਵਹਿਮ ਹੇਠ ਦਿੱਤੀਆਂ ਗੱਲਾਂ ਵਿਚੋ ਕਿਸੇ ਇਕ ਜਾਂ ਜ਼ਿਆਦਾ ਗੱਲਾਂ ਦੁਆਲੇ ਬੱਝੇ ਹੁੰਦੇ ਹਨ:

- Persecutory: ਇਹ ਵਹਿਮ ਬਹੁਤ ਜ਼ਿਆਦਾ ਪਾਏ ਜਾਂਦੇ ਹਨ। ਇਹ ਯਕੀਨ ਹੋਣਾ ਕਿ ਉਹਨਾਂ ਦਾ ਪਿੱਛਾ ਕੀਤਾ ਜਾ ਰਹਿਆ ਹੈ, ਉਹਨਾਂ ਤੇ ਤਸ਼ੱਦਦ ਹੋ ਰਹਿਆ ਹੈ ਜਾਂ ਬੇਇਜ਼ੱਤੀ ਕੀਤੀ ਜਾ ਰਹੀ ਹੈ।

- Referential: ਇਹ ਵੀ ਆਮ ਹੈ। ਇਹ ਯਕੀਨ ਹੋਣਾ ਕਿ ਕੁੱਝ ਇਸ਼ਾਰੇ, ਗੱਲਾਂ, ਗੀਤ ਜਾਂ ਹੋਰ ਮਹੌਲ ਵਿਚਲੇ ਸੰਕੇਤ, ਖਾਸ ਕਰਕੇ ਉਹਨਾਂ ਵੱਲ ਸੇਧੇ ਜਾ ਰਹੇ ਹਨ।
- Grandiose: ਆਪਣੇ ਆਪ ਨੂੰ ਬਹੁਤ ਖਾਸ ਸਮਝਣਾ: ਇਹ ਯਕੀਨ ਹੋਣਾ ਕਿ ਉਹਨਾਂ ਕੋਲ ਕੋਈ ਖਾਸ ਯੋਗਤਾਵਾਂ ਜਾਂ ਤਾਕਤਾਂ ਹਨ।
- Religious: ਕਈ ਵਹਿਮਾਂ ਦਾ ਵਿਸ਼ਾ ਧਾਰਮਿਕ ਹੁੰਦਾ ਹੈ (ਜਿਵੇਂ ਰੱਬ  ਕੋਲੋਂ ਹੁਕਮ ਮਿਲਣੇ)।
- Somatic: ਡਾਕਟਰੀ ਗਵਾਹੀ ਉਲਟ ਹੋਣ ਦੇ ਬਾਵਜੂਦ ਇਹ ਯਕੀਨ ਰੱਖਣਾ ਕਿ ਉਹਨਾਂ ਦੇ ਸਰੀਰ ਵਿਚ ਜਾਂ ਸਰੀਰ ਉਪੱਰ ਕੁੱਝ ਅਜੀਬ ਵਾਪਰ ਰਹਿਆ ਹੈ।
- Loss of Control over Mind or Body: ਇਹ ਵਿਸ਼ਵਾਸ ਹੋਣਾ ਕਿ ਉਹਨਾਂ ਦੀਆਂ ਸੋਚਾਂ ਅਤੇ ਸਰੀਰ ਨੂੰ ਦੂਸਰੇ ਲੋਕਾਂ ਅਤੇ ਤਾਕਤਾਂ ਦੁਆਰਾ ਕਾਬੂ ਵਿਚ ਰੱਖਿਆ ਜਾ ਰਹਿਆ ਹੈ। ਇਹ ਵਿਸ਼ਵਾਸ ਹੋਣਾ ਕਿ ਉਹਨਾਂ ਦੀਆਂ ਸੋਚਾਂ ਨੂੰ ਪ੍ਰਸਾਰਤ (ਬਰਾਡਕਾਸਟ) ਕੀਤਾ ਜਾ ਰਹਿਆ ਹੈ ਅਤੇ ਹੋਰ ਲੋਕ ਇਹਨਾਂ ਨੂੰ ਸੁਣ ਸਕਦੇ ਹਨ। ਇਹ ਵਿਸ਼ਵਾਸ ਹੋਣਾ ਕਿ ਖਿਆਲ ਉਹਨਾਂ ਦੇ ਦਿਮਾਗ ਵਿੱਚੋਂ ਕੱਢੇ ਜਾ ਰਹੇ ਹਨ ਜਾਂ ਖਿਆਲ ਉਹਨਾਂ ਦੇ ਦਿਮਾਗ ਵਿਚ ਪਾਏ ਜਾ ਰਹੇ ਹਨ।

ਵਹਿਮ ਉਦੋਂ ਵਿਲੱਖਣ ਸਮਝੇ ਜਾਂਦੇ ਹਨ ਜਦ ਉਹ ਸਾਫ ਤੌਰ ਤੇ ਨਾਕਾਬਲੇ ਯਕੀਨ ਹੋਣ ਅਤੇ ਜ਼ਿੰਦਗੀ ਦੇ ਆਮ ਤਜਰਬਿਆਂ ਵਿੱਚੋਂ ਨਾ ਹੋਣ। ਉਦਾਹਰਣ ਦੇ ਤੌਰ ਤੇ, ਇਹ ਯਕੀਨ ਰੱਖਣਾ ਕਿ ਉਹਨਾਂ ਦੇ ਅੰਦਰੂਨੀ ਅੰਗ ਬਿਨਾ ਚੀੜ-ਫਾੜ ਦੇ ਕਿਸੇ ਹੋਰ ਨਾਲ ਬਦਲ ਦਿੱਤੇ ਗਏ ਹਨ, ਇਹ ਇੱਕ ਵਿਲੱਖਣ ਵਹਿਮ ਹੋਵੇਗਾ। ਜਦਕਿ ਇਹ ਯਕੀਨ ਰੱਖਣਾ ਕਿ ਪੁਲੀਸ ਉਹਨਾਂ ਦਾ ਪਿੱਛਾ ਕਰ ਰਹੀ ਹੈ, ਇਹ ਇੱਕ ਆਮ ਵਹਿਮ ਹੋਵੇਗਾ।

**ਚੀਜ਼ਾਂ ਵਿਖਾਈ ਦੇਣੀਆਂ Hallucinations:** ਸਾਈਕੌਸਿਸ ਵਿਚ ਵਿਅਕਤੀ ਉਹਨਾਂ ਚੀਜ਼ਾਂ ਨੂੰ ਵੇਖਦਾ, ਸੁਣਦਾ, ਮਹਿਸੂਸ ਕਰਦਾ. ਸੁੰਘਦਾ ਜਾਂ ਚੱਖਦਾ ਹੈ ਜਿਹੜੀਆਂ ਕਿ ਅਸਲੀਅਤ ਵਿਚ ਉੱਥੇ ਨਹੀਂ ਹੁੰਦੀਆਂ। ਸਾਈਕੌਸਿਸ ਵਿਚ ਆਵਾਜ਼ਾਂ ਦਾ ਸੁਣਨਾ ਜ਼ਿਆਦਾ ਦੇਖਿਆ ਗਿਆ ਹੈ। ਉਹ ਆਵਾਜ਼ਾਂ ਸੁਣਨ ਦਾ ਅਨੁਭਵ ਕਰਦੇ ਹਨ ਜਿਹਵੀਆਂ ਉਨ੍ਹਾਂ ਦੇ ਆਪਣੇ ਖਿਆਲਾਂ ਨਾਲੋ ਭਿੰਨ ਹੁੰਦੀਆਂ ਹਨ।

ਬੇਤਰਤੀਬ ਬੋਲਚਾਲ: **Disorganized Speech:** ਸਾਈਕੌਸਿਸ ਦੇ ਰੋਗੀ ਦੀ ਬੋਲਚਾਲ ਕਈ ਤਰ੍ਹਾਂ ਨਾਲ ਬੇਤਰਤੀਬੀ ਹੋ ਸਕਦੀ ਹੈ:

- Loose Association: ਵਿਅਕਤੀ ਦੀ ਗੱਲ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਚਲੀ ਜਾਂਦੀ ਹੈ, ਜਦਕਿ ਵਿਸ਼ਿਆਂ ਵਿਚ ਨਾਂਮਾਤਰ ਸੰਬਧ ਹੁੰਦਾ ਹੈ।

- Tangentiality: ਵਿਅਕਤੀ ਦੀ ਗੱਲ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਚਲੀ ਜਾਂਦੀ ਹੈ ਜਦ ਕਿ ਵਿਸ਼ਿਆਂ ਵਿਚ ਕੋਈ ਸੰਬਧ ਨਹੀਂ ਦਿਸਦਾ।

- Incoherence: ਵਿਅਕਤੀ ਦੀ ਬੋਲਚਾਲ ਏਨੀ ਬੇਤਰਤੀਬ ਹੁੰਦੀ ਹੈ ਕਿ ਕੋਈ ਸਮਝ ਨਹੀਂ ਪੈਂਦੀ।

ਸਾਈਕੋਸਿਸ ਦਾ ਸੂਚਕ ਮੰਨਣ ਲਈ, ਇਹ ਲੱਛਣ ਕਾਫੀ ਤੀਖਣ ਹੋਣਗੇ ਕਿ ਅਸਰਦਾਰ ਗੱਲਬਾਤ ਵਿਚ ਵਿਗਾੜ ਆਵੇ, ਕਿਉਂਕਿ ਬੋਲਚਾਲ ਥੋੜ੍ਹੀ ਬਹੁਤ ਬੇਤਰਤੀਬ ਅਤੇ ਅਵਿਸ਼ੇਸ਼ ਹੋ ਸਕਦੀ ਹੈ।

<u>ਵਿਵਹਾਰ ਵਿਚ ਬੇਤਰਤੀਬੀ ਹੋਣੀ: **Disorganized Behaviour:**</u>
ਸਾਈਕੋਸਿਸ ਦੇ ਰੋਗੀ ਦਾ ਵਿਵਹਾਰ ਵੀ ਬੇਤਰਤੀਬਾ ਹੋ ਸਕਦਾ ਹੈ, ਇਹ ਅਕਸਰ ਉੱਦੇਸ਼ ਅਨੁਕੂਲ ਵਿਵਹਾਰ ਵਿਚ ਸਮੱਸਿਆ ਕਰਕੇ ਹੁੰਦਾ ਹੈ:

- ਨਿੱਤ ਦੇ ਕਾਰ ਵਿਹਾਰ ਕਰਨ ਵਿਚ ਮੁਸ਼ਕਿਲ ਆਉਣੀ
- ਕਾਫੀ ਖਿੱਲਰੇ ਜਾਂ ਅਸਾਧਾਰਣ ਜਾਂ ਬੇਮੌਕਾ ਕਪੱੜੇ ਪਾਉਣੇ
- ਅਸੰਗਤ ਕਾਮਿਕ ਵਿਵਹਾਰ
- ਬਿਨਾਂ ਛੇੜਿਆਂ ਅਤੇ ਕਿਸੇ ਵੇਲੇ ਵੀ ਭੜਕ ਪੈਣਾ
- ਬੇਮੇਲ ਹਾਵ-ਭਾਵ (ਜਿਵੇਂ ਕਿ ਦੁੱਖ ਵਾਲੀ ਗੱਲ ਕਰਦਿਆਂ ਹੱਸਣਾ)
- ਕੈਟਾਨਿਕ ਵਾਲੀ ਸਥਿਤੀ - ਜਿਸ ਵਿਚ ਮਰੀਜ਼ ਬਗੈਰ ਹਿੱਲਣ ਜਾਂ ਬੋਲਣ ਤੋਂ ਕਈ ਕਈ ਘੰਟੇ ਇਕ ਹਾਲਤ ਜਾਂ ਸੂਰਤ ਵਿਚ ਰਹਿੰਦਾ ਹੈ ।

## ਬੀਮਾਰੀ ਕਰਕੇ ਪੈਦਾ ਹੋਈ ਘਾਟ (ਨੈਗੇਟਿਵ ਜਾਂ ਨਾਂਹ ਵਾਚਕ ਲੱਛਣ )
**Negative Symptoms**

ਨੈਗੇਟਿਵ ਜਾਂ ਨਾਂਹ ਵਾਚਕ ਲੱਛਣ ਵਿਅਕਤੀ ਦੇ ਕਾਰ-ਵਿਹਾਰ ਵਿਚ ਆਈ ਗਿਰਾਵਟ ਦਾ ਪਤਾ ਦੱਸਦੇ ਹਨ। ਇਨ੍ਹਾਂ ਦਾ ਮੁਲਾਂਕਣ ਕਰਨਾ ਔਖਾ ਹੁੰਦਾ ਹੈ ਕਿਉਂਕਿ ਇਹ ਸਾਧਾਰਣ ਲੜੀ ਵਿਚ ਰਲ ਜਾਂਦੇ ਹਨ, ਵਿਸ਼ੇਸ਼ ਨਹੀਂ ਹੁੰਦੇ ਅਤੇ ਹੋ ਸਕਦਾ ਹੈ ਹੋਰ ਕਈ ਕਾਰਣਾ ਕਰਕੇ ਹੋਣ ( ਜਿਵੇਂ ਕਿ ਦਵਾਈ ਦੇ ਵਾਧੂ ਮਾੜੇ ਅਸਰ, ਮਨੋ-ਦਸ਼ਾ (ਮੂਡ) ਰੋਗ)। ਇਹਨਾਂ ਵਿਚ ਇਹ ਸ਼ਾਮਲ ਹਨ:

- ਜਜ਼ਬਾਤ ਦੀ ਧਾਰਾ ਅਤੇ ਤੀਖਣਤਾ ਦਾ ਸੀਮਿਤ ਪ੍ਰਗਟਾਉ
- ਘੱਟ ਖਿਆਲ ਆਉਣੇ ਅਤੇ ਬੋਲਚਾਲ ਦਾ ਵਹਾਅ ਸੀਮਿਤ ਹੋਣਾ
- ਕਿਸੇ ਟੀਚੇ ਵੱਲ ਜਾਣ ਵਾਲਾ ਵਿਹਾਰ ਆਰੰਭਣ ਵਿਚ ਰੋਕ ਹੋਣੀ

## VII. ਸਾਈਕੌਸਿਸ ਦੀਆਂ ਕਿਸਮਾਂ (TYPES OF PSYCHOSIS)

ਸਾਈਕੌਸਿਸ ਕਈ ਭਿੰਨ ਭਿੰਨ ਮਾਨਸਿਕ ਅਤੇ ਸਰੀਰਕ ਰੋਗਾਂ ਦੇ ਇਕ ਹਿੱਸੇ ਵਾਂਗ ਹੈ। ਇਹਨਾਂ ਰੋਗਾਂ ਦੀ ਭਿੰਨਤਾ ਨੂੰ ਪੂਰਾ ਸਮਝੱਣ ਦੀ ਬਜਾਏ ਇਸ ਗੱਲੋਂ ਜ਼ਿਆਦਾ ਸੁਚੇਤ ਹੋਣ ਦੀ ਜ਼ਰੂਰਤ ਹੈ ਕਿ ਸਾਈਕੌਟਿਕ ਲੱਛਣ ਕਈ ਵੱਖਰੇ ਵੱਖਰੇ ਰੋਗਾਂ ਕਰਕੇ ਹੋ ਸਕਦਾ ਹੈ।

**ਡਰੱਗ ਨਾਲ ਹੋਇਆ ਸਾਈਕੌਸਿਸ Drug-Induced Psychosis**

ਨਸ਼ੇ (ਨਸ਼ੀਲੇ ਪਦਾਰਥ) ਜਾਂ ਸ਼ਰਾਬ ਦੀ ਵਰਤੋਂ ਕਰਨ ਨਾਲ ਜਾਂ ਇਹਨਾਂ ਤੋਂ ਤੋੜ ਲੱਗਣ (ਵਿਦਡਰਾਅਲ) ਨਾਲ ਵੀ ਸਾਈਕੌਸਿਸ ਦੇ ਲੱਛਣ ਹੋ ਸਕਦੇ ਹਨ।ਹੋ ਸਕਦਾ ਹੈ ਕਿ ਨਸ਼ੀਲੇ ਪਦਾਰਥਾਂ ਦਾ ਅਸਰ ਘਟਣ ਨਾਲ ਇਹ ਲੱਛਣ ਚਲੇ ਜਾਣ। ਕੁੱਝ ਕੇਸਾਂ ਵਿਚ ਨਸ਼ਿਆਂ ਦੀ ਵਰਤੋਂ ਨਾਲ ਸਾਈਕੌਸਿਸ ਦੇ ਲੱਛਣ ਸ਼ੁਰੂ ਹੋ ਕੇ ਫਿਰ ਬਣੇ ਰਹਿ ਸਕਦੇ ਹਨ।

**ਜਿਸਮਾਨੀ ਸਾਈਕੌਸਿਸ Organic Psychosis**

ਸਰੀਰਕ ਸੱਟ ਜਾਂ ਸਰੀਰਕ ਬਿਮਾਰੀ, ਜਿਹੜੀ ਦਿਮਾਗ ਦੇ ਕੰਮ ਕਾਰ ਵਿਚ ਵਿਘਨ ਪਾਉਂਦੀ ਹੈ, ਨਾਲ ਵੀ ਸਾਈਕੌਸਿਸ ਦੇ ਲੱਛਣ ਆ ਸਕਦੇ ਹਨ, ਜਿਵੇਂ ਕਿ ਸਿਰ ਦੀ ਸੱਟ, ਏਡਜ਼ ਦੀ ਬਿਮਾਰੀ, ਦਿਮਾਗੀ ਬੁਖਾਰ, ਟਿਊਮਰ (ਰਸੌਲੀ), ਜਾਂ ਡਿਮੈਨਸ਼ਿਆ (ਜਿਵੇਂ ਕਿ ਯਾਦਸ਼ਕਤੀ ਵਿਚ ਸਮੱਸਿਆ ਜਾਂ ਉਲਝਣ ਆਉਣੀ) ।

### ਭਰਮ ਰੋਗ Delusional Disorder

ਇਸ ਬਿਮਾਰੀ ਵਿਚ ਵਿਅਕਤੀ ਬੜੇ ਤੀਖਣ, ਵਿਚਿੱਤਰ ਵਿਸ਼ਵਾਸ ਪਾਲ ਲੈਂਦਾ ਹੈ ਜੋ ਸੱਚੇ ਨਹੀਂ ਹੁੰਦੇ। ਇਹਨਾਂ ਵਹਿਮਾਂ ਦੀ ਮਾਰ ਹੇਠਲੇ ਸਿੱਧੇ ਖੇਤਰ ਨੂੰ ਛੱਡ ਕੇ ਬਾਕੀ ਮਾਨਸਿਕ ਅਤੇ ਸਮਾਜੀ ਮੇਲਜੋਲ ਵਿਚ ਖਾਸ ਗਿਰਾਵਟ ਨਹੀਂ ਆਉਂਦੀ ਅਤੇ ਵਿਵਹਾਰ ਵੀ ਸਪਸ਼ਟ ਤੌਰ ਤੇ ਕੁਢੱਬਾ ਨਹੀਂ ਲਗਦਾ।

### ਥੁੜਚਿਰਾ ਪ੍ਰਤਿਕ੍ਰਿਆਸ਼ੀਲ ਸਾਈਕੌਸਿਸ Brief Reactive Psychosis

ਕਈ ਵਾਰੀ ਸਾਈਕੌਸਿਸ ਦੇ ਲੱਛਣ ਅਚਾਨਕ ਵੱਡੀ ਸੱਟ੍ਰੈਸ (ਤਣਾਅ) ਆਉਣ ਕਰਕੇ ਵੀ ਇਕ ਦਮ ਆ ਸਕਦੇ ਹਨ ਜਿਵੇਂ ਕਿ ਪਰਿਵਾਰ ਵਿਚ ਕਿਸੇ ਦੀ ਮੌਤ ਹੋਣੀ ਜਾਂ ਹੋਰ ਬਹੁਤ ਕਾਰੋਬਾਰੀ ਤਣਾਅ ਹੋਣਾ। ਲੱਛਣ ਬਹੁੱਤ ਤੀਖਣ ਵੀ ਹੋ ਸਕਦੇ ਹਨ ਪਰ ਥੁੜਚਿਰੇ ਹੁੰਦੇ ਹਨ। ਸਾਈਕੌਸਿਸ ਦੀ ਮਿਆਦ ਇਕ ਦਿਨ ਤੋਂ ਲੈ ਕੇ ਇਕ ਮਹੀਨੇ ਤਕ ਹੋ ਸਕਦੀ ਹੈ।

## ਸਕਿਜ਼ੋਫਰੀਨੀਆਂ Schizophrenia

ਸਕਿਜ਼ੋਫਰੀਨੀਆਂ ਉਸ ਬਿਮਾਰੀ ਨੂੰ ਕਹਿੰਦੇ ਹਨ ਜਦ ਸਾਈਕੋਸਿਸ ਦੇ ਲੱਛਣ ਘੱਟ ਤੋਂ ਘੱਟ ੬ ਮਹੀਨਿਆਂ ਤੱਕ ਰਹਿਣ ਅਤੇ ਇਸ ਦੇ ਨਾਲ ਵਿਅਕਤੀ ਦੇ ਸਮਾਜੀ ਕਾਰ-ਵਿਹਾਰ ਵਿਚ ਕਾਫੀ ਗਿਰਾਵਟ ਆਈ ਹੋਵੇ।

## ਸਕਿਜ਼ੋਫਰੀਨੀਫੋਰਮ ਵਿਗਾੜ Schizophreniform Disorder

ਇਸ ਬਿਮਾਰੀ ਦੇ ਸਾਰੇ ਲੱਛਣ ਬਿਲਕੁਲ ਸਕਿਜ਼ੋਫਰੀਨੀਆਂ ਵਰਗੇ ਹੁੰਦੇ ਹਨ ਪਰ ਉਨ੍ਹਾਂ ਨੂੰ ਵਕਤ ਇਕ ਮਹੀਨੇ ਤੋਂ ਵਧ ਅਤੇ ੬ ਮਹੀਨੇ ਤੋਂ ਘੱਟ ਹੋਇਆ ਹੋਵੇ।

## ਦੋ ਧੁਰਾ ਰੋਗ (ਮੈਨਿਕ ਡਿਪਰੈੱਸ਼ਨ) ਜਾਂ ਸਾਈਸੌਟਿਕ ਡਿਪਰੈੱਸ਼ਨ
## Bipolar (Manic-Depressive) Disorder or Psychotic Depression

ਮਨੋ-ਦਸ਼ਾ ਵਿਚ ਆਮ ਖਰਾਬੀ ਹੋਣ ਦੇ ਨਾਲ ਨਾਲ ਸਾਈਕੋਸਿਸ ਇਸਦੇ ਇਕ ਹਿੱਸੇ ਵਾਂਗ ਆਉਂਦਾ ਹੈ ਅਤੇ ਸਾਈਕੋਸਿਸ ਦੇ ਲੱਛਣ ਵਿਅਕਤੀ ਦੇ ਮੂਡ ਮੁਤਾਬਕ ਰੁਖ ਕਰਦੇ ਹਨ (ਉਦਾਰਣ ਦੇ ਤੌਰ ਤੇ, ਜਦ ਉਹ ਉਦਾਸ ਹੁੰਦੇ ਹਨ ਤਾਂ ਉਹ ਆਵਾਜ਼ਾਂ ਸੁਣ ਸਕਦੇ ਹਨ ਜਿਹੜੀਆਂ ਕਿ ਉਹਨਾਂ ਨੂੰ ਆਤਮ ਹੱਤਿਆ ਕਰਨ ਨੂੰ ਦੱਸ ਰਹੀਆਂ ਹੋਣ)।

### ਸਕਿਜ਼ੋਅਫੈਕਟਿਵ ਵਿਗਾੜ Schizoaffective Disorder

ਸਕਿਜ਼ੋਅਫੈਕਟਿਵ ਵਿਗਾੜ ਉਦੋਂ ਦਸਿੱਆ ਜਾਂਦਾ ਹੈ ਜਦ ਮਨੋ-ਦਸ਼ਾ ਵਾਲੇ ਲੱਛਣ ਕਾਫੀ ਹੋਣ, ਪਰ ਕਦੀਂ ਕਦੀਂ ਸਾਈਕੋਸਿਸ ਦੇ ਲੱਛਣ ਮਨੋ-ਦਸ਼ਾ ਵਾਲੇ ਲੱਛਣ ਦੀ ਗੈਰਹਾਜ਼ਰੀ ਵਿਚ ਵੀ ਹੋਣ।

## VIII. ਸਾਈਕੋਸਿਸ ਦੇ ਕਾਰਨ CAUSES OF PSYCHOSIS

ਕਿਉਂਕਿ ਸਾਈਕੋਸਿਸ ਵਿਚ ਕਈ ਮਾਨਸਿਕ ਅਤੇ ਸਰੀਰਕ ਰੋਗਾਂ ਦਾ ਇਕ ਅੰਸ਼ ਹੁੰਦਾ ਹੈ, ਇਸ ਲਈ ਇਹ ਸੰਭਵ ਹੈ ਇਸ ਦੇ ਲੱਗਣ ਦੇ ਅਨੇਕ ਕਾਰਣਾਂ ਵਿਚ ਮਾਨਸਿਕ, ਸਮਾਜੀ, ਅਤੇ ਜੀਵ-ਵਿਗਿਆਨਿਕ ਅੰਸ਼ ਸ਼ਾਮਲ ਹੋਣ। ਇਹ ਮੰਦਭਾਗੀ ਗੱਲ ਹੈ ਕਿ ਇਸ ਵੇਲੇ ਸਾਈਕੋਸਿਸ ਲੱਗਣ ਦੇ ਕਾਰਨ ਬਾਰੇ ਬਹੁਤ ਥਿਊਰੀਆਂ ਹਨ ਪਰ ਕੋਈ ਪੱਕ ਨਹੀਂ। ਇਹਨਾ ਥਿਊਰੀਆਂ ਵਿਚ ਕੁੱਝ ਇਹ ਸ਼ਾਮਲ ਹਨ:

ਜੀਵ-ਵਿਗਿਆਨਕ (ਬਾਈਲੋਜੀਕਲ) ਥਿਊਰੀਆਂ: ਇਹ ਤਰਕ ਬਾਰੇ ਹਿਮਾਇਤ, ਕਿ ਸਾਈਕੋਸਿਸ ਰੋਗ ਦੇ ਵਿਕਾਸ ਵਿਚ ਜੀਵ-ਵਿਗਿਆਨਕ ਕਾਰਨ ਹਿੱਸੇਦਾਰ ਹਨ, ਸਾਨੂੰ ਕਈ ਤਰ੍ਹਾਂ ਦੀ ਖੋਜ ਤੋਂ ਮਿਲਦੀ ਹੈ (ਉਦਾਹਰਣ ਵਜੋਂ 'ਜੁੜਵਾਂ ਖੋਜਾਂ,' ਸਾਰੇ ਕਲਚਰਾਂ ਵਿਚ ਸਾਈਕੋਸਿਸ ਦਾ ਪਾਇਆ ਜਾਣਾ, ਅਤੇ ਮਰਨ ਤੋਂ ਬਾਅਦ ਦੀ ਦਿਮਾਗੀ ਅਕ੍ਰਿਤੀ-ਵਿਗਿਆਨਿਕ ਛਾਣ-ਬੀਣਾਂ)। ਸਾਈਕੋਸਿਸ ਰੋਗ ਦੇ ਵਿਕਾਸ ਵਿਚ ਇਹ ਜੀਵ-ਵਿਗਿਆਨਕ ਕਾਰਣ ਸੋਚੇ ਜਾਂਦੇ ਹਨ:

- **ਨਿਉਰੋਟਰਾਂਸਮਿਟਰਜ਼ (Neurotransmitters):**
  ਇਹ ਠੋਸ ਸਬੂਤ ਹੈ ਕਿ ਸਾਈਕੋਸਿਸ ਦੇ ਰੋਗੀਆਂ ਦੇ ਦਿਮਾਗ ਵਿਚ ਨਿਉਰੋਟਰਾਂਸਮਿਟਰਜ਼ (ਰਸਾਇਣਿਕ ਤੱਤ ਜੋ ਸਨੇਹਾ ਇਕ ਸੈੱਲ ਤੋ ਦੂਜੇ ਸੈੱਲ ਤੱਕ ਖੜ੍ਹਦੇ ਹਨ) ਠੀਕ ਤਰ੍ਹਾਂ ਕੰਮ ਨਹੀਂ ਕਰਦੇ। ਖਾਸ ਮਹੱਤਤਾ ਰੱਖਣ ਵਾਲਾ ਨਿਉਰੋਟਰਾਂਸਮਿਟਰਜ਼ ਡੋਪਾਮੀਨ ਹੈ। ਬਹੁਤਿਆਂ ਐਂਟੀਸਾਈਕੋਟਿਕ ਦਵਾਈਆਂ ਜਿਹੜੀਆਂ ਪੌਜ਼ਿਟਿਵ ਜਾਂ ਹਾਂ-ਵਾਚਕ ਲੱਛਣਾਂ ਤੇ ਕੰਟਰੋਲ ਕਰਦੀਆਂ ਹਨ, ਉਹ ਡੋਪਾਮੀਨ ਦਾ ਦਾਖਲਾ ਰੋਕਦਿਆਂ ਹਨ।

- **ਜੱਦੀ (Genetic)**
  ਉਨ੍ਹਾਂ ਲੋਕਾਂ ਨੂੰ ਸਾਈਕੋਸਿਸ ਲੱਗਣ ਦਾ ਖਤਰਾ ਜ਼ਿਆਦਾ ਹੁੰਦਾ ਹੈ ਜਿਨ੍ਹਾਂ ਦੇ ਰਿਸ਼ਤੇਦਾਰ ਸਾਈਕੋਸਿਸ ਰੋਗ ਅਨੁਭਵ ਕਰਦੇ ਹਨ। ਉਦਾਰਣ ਦੇ ਤੌਰ ਤੇ, ਭਾਵੇਂ ਸਕਿਜ਼ੋਫਰੀਨੀਆਂ ਬਿਮਾਰੀ 100 ਲੋਕਾਂ ਵਿਚੋਂ ਇਕ ਨੂੰ ਲੱਗਦੀ ਲੱਗਦੀ ਹੈ, ਪਰ ਸੰਤਾਨ ਅਤੇ ਭੈਣ ਭਰਾਂਵਾਂ ਨੂੰ ਖਤਰਾ ਜ਼ਿੰਦਗੀ-ਭਰ ਵਿਚ ਕਰਮਵਾਰ 13% ਅਤੇ 9% ਹੁੰਦਾ ਹੈ।

- **ਦਿਮਾਗ ਵਿਚ ਤਬਦੀਲੀ (Brain Changes):**
  ਸਕਿਜ਼ੋਫਰੀਨੀਆਂ ਦੇ ਰੋਗੀਆਂ ਦੇ ਦਿਮਾਗ ਵਿਚ ਕੁੱਝ ਅਜਿਹੇ ਜ਼ਖਮ ਲੱਭੇ ਹਨ ਜੋ ਇਵੇਂ ਲਗੱਦਾ ਹੈ ਕਿ ਜਨਮ ਤੋਂ ਹੋਣ ਜਾਂ ਬੱਚਪਨ ਤੋਂ ਹੋਣ। ਇਹ ਜ਼ਖਮ ਹੋਣ ਦੇ ਮੁਮਕਿਨ ਕਾਰਣਾਂ ਵਿਚ ਇਹ ਸ਼ਾਮਲ ਹਨ: ਜੱਦੀ-ਪੁਸ਼ਤੀ, ਅਸਾਧਾਰਣ ਦਿਮਾਗੀ ਵਿਕਾਸ, ਜਨਮ ਹੋਣ ਵੇਲੇ

ਨੁਕਸ ਪੈਣਾ, ਅਤੇ ਗਰਭ ਦੌਰਾਨ ਨੁਕਸ (ਜਿਵੇਂ ਕਿਸੇ ਵਾਇਰਸ ਦਾ ਲੱਗ ਜਾਣਾ ਜਦ ਮਾਂ ਗਰਭ-ਅਵਸਥਾ ਦੀ ਦੂਜੀ ਤਿਮਾਹੀ ਵਿਚ ਹੁੰਦੀ ਹੈ)।

## ਤਣਾਉ - ਸਟ੍ਰੈੱਸ (Stress)

ਕੁੱਝ ਕਿਸਮ ਦੇ ਸਾਈਕੌਸਿਸ ਜਿਵੇਂ ਕਿ ਥੁੜਚਿਰਾ ਪ੍ਰਤਿਕ੍ਰਿਆਸ਼ੀਲ ਸਾਈਕੌਸਿਸ (Brief Reactive Psychosis) ਲੱਗਦਾ ਕਿ ਮੁੱਖ ਤੌਰ ਤੇ ਤਨਾਅ ਕਰਕੇ ਪ੍ਰਤਿਕ੍ਰਿਆਸ਼ੀਲ ਹੋਇਆ ਹੋਵੇ। ਹੋਰ ਅਵਸਥਾਂਵਾਂ ਵਿਚ ਹੋ ਸਕਦਾ ਹੈ ਕਿ ਆਲੇ-ਦੁਆਲੇ ਦਾ ਤਨਾਅ ਸਾਈਕੌਸਿਸ ਲੱਗਣ ਦੀ ਸੰਭਾਵਨਾ ਛੇੜ ਦਿੰਦਾ ਹੋਵੇ।

## ਨਸ਼ੇ (Drugs)

ਨਸ਼ੇ ਸਾਈਕੌਸਿਸ ਲਿਆ ਸਕਦੇ ਹਨ ਜਾਂ ਇਸ ਵਿਚ ਸਹਾਇਕ ਹੋ ਸਕਦੇ ਹਨ। ਉਦਾਹਰਣ ਦੇ ਤੌਰ ਤੇ, ਇਵੇਂ ਲਗਦਾ ਹੈ ਕਿ ਐਮਫਿਟਾਮੀਨ ਕਰਕੇ ਸਾਈਕੌਸਿਸ ਹੋ ਸਕਦਾ ਹੈ ਜਦੋਂ ਕਿ ਹੋਰ ਨਸ਼ੇ, ਜਿਨ੍ਹਾਂ ਵਿਚ ਭੰਗ ਵੀ ਸ਼ਾਮਲ ਹੈ, ਮਨੁੱਖ ਦੀ ਕੁਦਰਤੀ ਸਾਈਕੌਸਿਸ ਲੱਗਣ ਦੀ ਸੰਭਾਵਨਾ ਨੂੰ ਸਾਈਕੌਸਿਸ ਦਾ ਦੌਰਾ ਲਿਆਉਣ ਦੀ ਹੱਦ ਤੱਕ ਵਧਾ ਸਕਦੇ ਹਨ।